## ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ
17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ।
(0172-2540125)

ਸੇਵਾ ਵਿਖੇ

1) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਪ੍ਰਾਇਮਰੀ), ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਸਕੈਂਡਰੀ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ,
ਪਬਲਿਕ ਇੰਸਟਰਕਸ਼ਨ (ਕਾਲਜ), ਪੰਜਾਬ, ਚੰਡੀਗੜ੍ਹ।
4) ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਨੰ:ਬਕਵਵਬ/ਭਲਾਈ ਸਕੀਮ/ਵਜੀਫੇ/2015/ 6004
ਮਿਤੀ 26.10.15

ਵਿਸ਼ਾ:- **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜਾਈ ਦੌਰਾਨ ਵਜੀਫੇ ਦੇਣ ਬਾਰੇ ਸਕੀਮ।**

ਆਪਨੂੰ ਸੂਚਿਤ ਕੀਤਾ ਜਾਂਦਾ ਹੈ ਕਿ **"ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਐਕਟ 1996"** (ਕੇਂਦਰੀ ਐਕਟ) ਦੀ ਧਾਰਾ 18 ਅਧੀਨ ਰਾਜ ਸਰਕਾਰ ਵਲੋਂ **"ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ"** ਦੀ ਸਥਾਪਨਾ ਕੀਤੀ ਗਈ ਹੈ। ਬੋਰਡ ਦਾ ਮੁੱਖ ਉਦੇਸ਼ ਹੈ ਰਾਜ ਵਿੱਚ ਉਸਾਰੀ ਕੰਮਾਂ ਵਿੱਚ ਲੱਗੇ ਉਸਾਰੀ ਕਿਰਤੀਆਂ ਨੂੰ ਲਾਭਪਾਤਰੀ ਰਜਿਸਟਰਡ ਕਰਕੇ ਉਨ੍ਹਾਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੀ ਭਲਾਈ ਲਈ ਐਕਟ/ਰੂਲਜ਼ ਦੇ ਉਪਬੰਧਾਂ ਮੁਤਾਬਕ ਵੱਖ-ਵੱਖ ਕਲਿਆਣਕਾਰੀ ਭਲਾਈ ਸਕੀਮਾਂ ਬਣਾਕੇ ਲਾਗੂ ਕਰਾਉਣਾ ਹੈ।

ਬੋਰਡ ਦੀ ਆਮਦਨ ਦਾ ਮੁੱਖ ਸਾਧਨ ਰਾਜ ਵਿੱਚ ਚਲ ਰਹੇ ਉਸਾਰੀ ਕੰਮਾਂ ਦੀ ਲਾਗਤ ਤੇ 1% ਸੈਸ ਦੀ ਵਸੂਲੀ ਹੈ, ਜਿਸ ਨਾਲ ਇਨ੍ਹਾਂ ਸਕੀਮਾਂ ਨੂੰ ਭਲੀ ਪ੍ਰਕਾਰ ਅਮਲ ਵਿੱਚ ਲਿਆਂਦਾ ਜਾਂਦਾ ਹੈ। ਇਸ ਵੇਲੇ ਬੋਰਡ ਵਲੋਂ ਤਕਰੀਬਨ 16-17 ਕਿਰਤ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਕੀਮਾਂ ਵਿਚੋਂ ਇਕ ਵਜੀਫਾ ਸਕੀਮ ਹੈ ਜਿਸ ਅਧੀਨ ਬੋਰਡ ਵਲੋਂ ਆਪਣੇ ਰਜਿਸਟਰਡ ਲਾਭਪਾਤਰੀਆਂ ਦੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਲੈਕੇ ਉੱਚ ਕਲਾਸਾਂ ਤੱਕ ਦੀ ਵਿਦਿਆ ਪ੍ਰਾਪਤ ਕਰਨ ਲਈ ਵੱਖ-ਵੱਖ ਦਰਾਂ ਦੇ ਹਿਸਾਬ ਨਾਲ 2800/- ਰੁਪਏ ਤੋਂ ਲੈਕੇ 58000/- ਰੁਪਏ ਤੱਕ ਦੀ ਰਕਮ ਦੇ ਵਜੀਫੇ ਮਨਜ਼ੂਰ ਕੀਤੇ ਜਾਂਦੇ ਹਨ। ਇਨ੍ਹਾਂ ਰਕਮਾਂ ਵਿੱਚ ਬੱਚਿਆਂ ਲਈ ਵਰਦੀ ਭੱਤਾ, ਕਿਤਾਬਾ ਅਤੇ ਸਟੇਸ਼ਨਰੀ ਭੱਤੇ ਵੀ ਸ਼ਾਮਲ ਹਨ। ਪ੍ਰਵਾਨਤ ਸਕੀਮ ਦੇ ਵੇਰਵੇ **ਅਨੁਲੱਗ-ੳ** ਵਿੱਚ ਦਰਜ ਹਨ।

ਇਸ ਸਕੀਮ ਅਧੀਨ ਨਿਰਧਾਰਤ ਪ੍ਰਫਾਰਮੇ **(ਕਾਪੀ ਅਨੁਲੱਗ-ਅ)** ਵਿੱਚ ਲਾਭਪਾਤਰੀ ਵਲੋਂ ਆਪਣੇ ਬੱਚੇ ਲਈ ਵਜੀਫਾ ਲੈਣ ਲਈ ਦਰਖਾਸਤ ਮੁਕੰਮਲ ਰੂਪ ਵਿੱਚ ਤਿਆਰ ਕਰਕੇ ਅਤੇ ਸਬੰਧਤ ਵਿਦਿਅਕ ਸੰਸਥਾ ਪਾਸੋਂ ਤਸਦੀਕ ਕਰਵਾਕੇ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ/ ਕਿਰਤ ਇੰਸਪੈਕਟਰ ਦੇ ਦਫਤਰ ਵਿੱਚ ਦੇਣੀ ਹੁੰਦੀ ਹੈ। ਸਰਕਾਰ ਦੀ ਪਾਲਿਸੀ ਅਨੁਸਾਰ ਦਰਖਾਸਤਾਂ ਦੀ ਪੜਚੋਲ ਸਬ-ਡਿਵੀਜਨ ਪੱਧਰ ਤੇ ਐਸ.ਡੀ.ਐਮ. ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਵਲੋਂ ਕੀਤੀ ਜਾਂਦੀ ਹੈ ਅਤੇ ਦਰਖਾਸਤ ਯੋਗ ਪਾਏ ਜਾਣ ਤੇ ਕਮੇਟੀ ਵਲੋਂ ਵਜੀਫੇ ਦੀ ਰਕਮ ਮਨਜ਼ੂਰ ਕਰਨ ਲਈ ਸਬੰਧਤ ਡਿਪਟੀ ਕਮਿਸ਼ਨਰ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਉਪਰੰਤ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਵਲੋਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਮਨਜ਼ੂਰ ਕੀਤੀਆਂ ਰਕਮਾਂ ਨੂੰ ਜਮਾਂ ਕਰਾਉਣ ਲਈ ਸੂਚੀਆਂ ਬੋਰਡ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

ਰਾਜ ਵਿੱਚ ਵੱਖ-ਵੱਖ ਥਾਵਾਂ ਤੇ ਕੰਮ ਕਰ ਰਹੇ ਐਨ.ਜੀ.ਓਜ਼ ਅਤੇ ਕਿਰਤੀਆਂ ਦੀ ਜੱਥੇਬੰਦੀਆਂ ਵਲੋਂ ਇਸ ਦਫਤਰ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ ਹੈ ਕਿ ਵਜੀਫੇ ਲਈ ਦਰਖਾਸਤ ਫਾਰਮ ਵਿੱਚ ਦਰਸਾਏ ਸਰਟੀਫਿਕੇਟ ਉੱਤੇ ਕਾਲਜ/ਸਕੂਲ/ਸੰਸਥਾਵਾਂ ਦੇ ਮੁੱਖੀ/ਪ੍ਰਿੰਸੀਪਲ ਵਲੋਂ ਹਸਤਾਖਰ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ ਅਤੇ ਇਹ ਤਰਕ ਦਿਤਾ ਜਾਂਦਾ ਹੈ ਕਿ ਵਿਦਿਆਰਥੀ ਨੂੰ ਸੰਸਥਾ ਜਾਂ ਹੋਰ ਵਿਭਾਗ ਵਲੋਂ ਵਜੀਫਾ ਮਿਲ ਰਿਹਾ ਹੈ ਜਾਂ ਮਨਜ਼ੂਰ ਕੀਤਾ ਜਾਵੇਗਾ।

ਇਸ ਸਬੰਧ ਵਿੱਚ ਇਹ ਦੱਸਣਾ ਯੋਗ ਹੋਵੇਗਾ ਕਿ ਬੋਰਡ ਦੀ ਪ੍ਰਵਾਨਤ ਵਜੀਫਾ ਸਕੀਮ ਦੀਆਂ ਸ਼ਰਤਾਂ ਵਿੱਚ ਹੇਠ ਅਨੁਸਾਰ ਸਪਸ਼ਟ ਕੀਤਾ ਹੋਇਆ ਹੈ:-

> **"ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ ਸਕੀਮ ਅਧੀਨ ਕਿਸੇ ਹੋਰ ਸੰਸਥਾ/ ਵਿਭਾਗ ਤੋਂ ਲਾਭ ਮਿਲ ਰਿਹਾ ਹੈ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ।"**

ਇਸ ਲਈ ਆਪਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦੱਸੀ ਸਥਿਤੀ ਅਤੇ ਬੋਰਡ ਵਲੋਂ ਲਏ ਫੈਸਲੇ ਨੂੰ ਮੁੱਖ ਰੱਖਦੇ ਹੋਏ ਆਪਣੇ ਅਧੀਨ ਆਉਂਦੇ ਸਕੂਲ/ਕਾਲਜ/ਵਿਦਿਅਕ ਅਤੇ ਤਕਨੀਕੀ ਸੰਸਥਾਵਾਂ ਦੇ ਮੁੱਖੀਆਂ/ਪ੍ਰਿੰਸੀਪਲ ਨੂੰ ਲੋੜੀਂਦੀ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂਕਿ ਉਹ ਬੋਰਡ ਦੇ ਲਾਭਪਾਤਰੀ ਦੇ ਬੱਚਿਆਂ ਦੇ ਵਜੀਫਿਆਂ ਸਬੰਧੀ ਦਰਖਾਸਤ ਫਾਰਮ ਵਿੱਚ ਦਿਤੇ ਸਰਟੀਫਿਕੇਟ ਤੇ ਹਸਤਾਖਰ ਕਰਨ ਵਿੱਚ ਦੇਰੀ ਜਾਂ ਗੁਰੇਜ਼ ਨਾ ਕਰਨ ਅਤੇ ਉਹ ਬੋਰਡ ਦੀ ਇਸ ਸਕੀਮ ਦਾ ਪੂਰਾ ਪੂਰਾ ਲਾਭ ਉਠਾ ਸਕਣ।

ਨੱਥੀ/ ਉਕਤ ਅਨੁਸਾਰ

ਸੈਕੱਤਰ ਬੋਰਡ

# ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ
## 17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ
## (0172-2540125)

ਭਲਾਈ ਸਕੀਮ — ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜੀਫਾ ਸਕੀਮ ਅਤੇ ਵਜੀਫੇ ਦੇ ਨਾਲ ਯੂਨੀਫਾਰਮ ਅਲਾਂਉਸ/ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨਰੀ ਅਲਾਉਂਸ) ਦੇਣ ਬਾਰੇ ਸਕੀਮ। — ਮਿਤੀ 18.2.2014 ਤੋ ਸੋਧੀ ਸਕੀਮ

| ਲੜੀ ਨੰ | ਕਲਾਸ | ਵਜੀਫੇ ਦੀ ਦਰ | ਵਰਦੀ/ਸਿਖਿਆ ਭੱਤਾ (ਕਿਤਾਬਾਂ ਅਤੇ ਸਟੇਸ਼ਨਰੀ ਭੱਤਾ) | |
|---|---|---|---|---|
| 1. | ਪਹਿਲੀ ਕਲਾਸ ਤੋਂ ਪੰਜਵੀ ਕਲਾਸ ਤੱਕ | 2,000/- ਪ੍ਰਤੀ ਸਾਲ | 800/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 2. | ਛੇਵੀਂ ਕਲਾਸ ਤੋਂ ਅਠਵੀ ਕਲਾਸ ਲਈ | 3,000/- ਪ੍ਰਤੀ ਸਾਲ | 1000/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 3. | 9ਵੀਂ, 10ਵੀਂ, +1ਅਤੇ +2 | 5,000/- ਪ੍ਰਤੀ ਸਾਲ | 1000/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 4. | ਕਾਲਜ ਵਿਦਿਆਰਥੀ (ਹਰ ਤਰਾਂ ਦੇ ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ) | 15,000/- ਪ੍ਰਤੀ ਸਾਲ (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 30,000/- ਪ੍ਰਤੀ ਸਾਲ) | 4000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਭੱਤਾ |
| 5. | ਆਈ.ਟੀ.ਆਈ/ਪਾਲੀਟੈਕਨੀਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ ਏ.ਐਨ.ਐਮ/ਜੀ.ਐਨ.ਐਮ ਕੋਰਸ | | | |
| 6. | ਮੈਡਿਕਲ/ਇੰਜੀਨੀਅਰਿੰਗ ਹਰ ਤਰਾਂ ਦੀ ਮੈਡਿਕਲ/ਇੰਜੀਨੀਅਰਿੰਗ ਡਿਗਰੀ ਪੜਾਈ | 30,000/- ਪ੍ਰਤੀ ਸਾਲ (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 50,000/- ਪ੍ਰਤੀ ਸਾਲ) | 8,000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਭੱਤਾ |

**ਵਜੀਫਾ ਸਕੀਮ ਦੀਆਂ ਸ਼ਰਤਾਂ:-**

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜੀਫਾ, ਵਰਦੀ ਅਤੇ ਸਿਖਿਆ ਭੱਤਾ ਸਕੀਮ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਨੂੰ ਖੁੱਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜਨ ਲਈ ਵਜੀਫਾ, ਵਰਦੀ ਅਤੇ ਸਿਖਿਆ ਭੱਤਾ ਦਿੱਤਾ ਜਾਵੇਗਾ।
3. ਪਿਛਲੀ ਕਾਲਸ ਵਿੱਚ ਫੇਲ ਹੋਏ ਕੇਸਾਂ ਵਿੱਚ ਵਜੀਫੇ, ਵਰਦੀ ਅਤੇ ਸਿਖਿਆ ਭੱਤਾ ਮਨਜੂਰ ਨਹੀਂ ਕੀਤੇ ਜਾਣਗੇ।।
4. ਜੇਕਰ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ।

## ਫਾਰਮ ਨੰ: 34 (ਰੂਲ 265 ਵੇਖੋ)

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਵਜੀਫੇ ਦੇਣ ਸਬੰਧੀ ਫਾਰਮ।
(ਕਿਸੇ ਹੋਰ ਸੰਸਥਾ ਤੋਂ ਅਜਿਹਾ ਲਾਭ ਮਿਲਣ ਦੇ ਬਾਵਜੂਦ ਬੋਰਡ ਦੀ ਇਸ ਸਕੀਮ ਅਧੀਨ ਪੂਰਾ ਲਾਭ ਮਿਲੇਗਾ।)

1. ਵਿਦਿਆਰਥੀ ਦਾ ਨਾਂ: ____________

2. ਪਿਤਾ ਦਾ ਨਾ ਅਤੇ ਪਤਾ(ਅਗ੍ਰੇਜੀ/ ਪੰਜਾਬੀ ਮੋਟੇ ਅੱਖਰਾਂ ਵਿਚ) ____________

3. ਲਾਭਪਾਤਰੀ ਦੇ ਪਿਤਾ ਦਾ ਨਾਂ ____________

4. ਰਜਿਸਟ੍ਰੇਸ਼ਨ ਨੰ: ____________

5. ਉਸਾਰੀ ਕੰਮਾਂ ਨਾਲ ਸਬੰਧਤ ਪੇਸ਼ਾ : ____________

6. ਟੈਲੀਫੋਨ/ ਮੋਬਾਇਲ ਨੰਬਰ ____________

7. ਅਧਾਰ ਕਾਰਡ ਨੰ: ____________

8. ਅੰਸ਼ਦਾਨ ਦੀ ਰਾਸ਼ੀ ਕਿਸ ਮਿਤੀ ਤਕ ਜਮ੍ਹਾਂ ਹੈ ____________

9. ਵਿਦਿਆਰਥੀ ਵਲੋਂ ਪਿਛਲੇ ਸਾਲ ਪਾਸ ਕੀਤੀ ਪ੍ਰੀਖਿਆ (ਸਰਟੀਫਿਕੇਟ ਦੀ ਤਸਦੀਕ ਸੁਦਾ ਕਾਪੀ ਨਾਲ ਲਾਓ) ____________

10. ਕਲਾਸ ਜਾਂ ਤਕਨੀਕੀ ਕੋਰਸ/ਡਿਗਰੀ ਜਿਸ ਵਿੱਚ ਦਾਖਲਾ ਲਿਆ ਹੈ ਅਤੇ ਦਾਖਲ ਹੋਣ ਦੀ ਮਿਤੀ ____________

11. ਵਿਦਿਅਕ ਅਦਾਰੇ ਦਾ ਨਾਂ ਅਤੇ ਪਤਾ ____________

ਵਿਦਿਆਰਥੀ ਦੀ ਤਸਦੀਕ ਸ਼ੁਦਾ ਫੋਟੋ

ਲਾਭਪਾਤਰੀ ਦੀ ਤਸਦੀਕ ਸ਼ੁਦਾ ਫੋਟੋ

12. **ਸਾਈਕਲ ਸਕੀਮ: -**
ੳ.) ਜੇਕਰ ਵਿਦਿਆਰਥੀ ਪੰਜਾਬ ਵਿੱਚ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦਾ ਹੈ ਤਾਂ ਕੀ ਉਸਨੇ ਇਨ੍ਹਾਂ ਜਮਾਤਾ ਦੌਰਾਨ ਬੋਰਡ ਪਾਸੋਂ ਸਾਈਕਲ ਸਕੀਮ ਅਧੀਨ ਪਹਿਲਾਂ ਸਾਈਕਲ ਪ੍ਰਾਪਤ ਕੀਤਾ ਹੈ ਜਾਂ ਨਹੀਂ? ____________
ਅ.) ਜੇਕਰ ਇਨ੍ਹਾਂ ਜਮਾਤਾਂ ਦੌਰਾਨ ਪਹਿਲਾਂ ਸਾਈਕਲ ਨਹੀਂ ਲਿਆ ਹੈ ਤਾਂ ਕੀ ਹੁਣ ਸਾਈਕਲ ਲੈਣ ਦਾ ਇੱਛੁਕ ਹੈ? ____________

13. **ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀ ਬਾਰੇ ਹੇਠ ਲਿਖੀ ਸੂਚਨਾ ਦਿਤੀ ਜਾਵੇ**

| ਲੜੀ ਨੰ: | ਵਿਦਿਆਰਥੀ ਦਾ ਨਾਂ | ਵਿਦਿਅਕ ਅਦਾਰੇ ਦਾ ਨਾਂ | ਹੋਸਟਲ ਵਿਚ ਦਾਖਲ ਹੋਣ ਦੀ ਮਿਤੀ | ਹੋਸਟਲ ਛੱਡਣ ਦੀ ਮਿਤੀ | ਹੋਸਟਲ ਦੀ ਫੀਸ ਪ੍ਰਤੀ ਮਹੀਨਾ | ਸਾਲ ਦੌਰਾਨ ਦਿਤੀ ਗਈ ਕੁੱਲ ਫੀਸ |
|---|---|---|---|---|---|---|
| | | | | | | |

14. **ਲਾਭਪਾਤਰੀ ਦੇ ਬੈਂਕ ਖਾਤੇ ਸਬੰਧੀ ਸੂਚਨਾ**

| ਲੜੀ ਨੰ: | ਬੈਂਕ/ ਬਰਾਂਚ ਦਾ ਨਾਂ ਅਤੇ ਪਤਾ | ਲਾਭਪਾਤਰੀ ਦਾ ਖਾਤਾ ਨੰਬਰ | ਐਨ.ਈ.ਐਫ.ਟੀ ਨੰਬਰ |
|---|---|---|---|
| | | | |

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪਿਛਲੀ ਸਲਾਨਾ ਪ੍ਰੀਖਿਆ ਵਿੱਚੋਂ ਫੇਲ ਨਹੀਂ ਹੋਇਆ/ਹੋਈ ਅਤੇ ਉਪਰ ਦਿੱਤੇ ਗਏ ਵੇਰਵੇ ਠੀਕ ਹਨ।

**ਵਿਦਿਆਰਥੀ ਦੇ ਹਸਤਾਖਰ**

ਤਸਦੀਕ ਕੀਤਾ ਜਾਂਦਾ ਹੈ ਕਿ ਮੇਰਾ ਲੜਕਾ/ਲੜਕੀ ਜਿਸਦਾ ਵੇਰਵਾ ਉਪਰ ਦਿਤਾ ਹੈ ਉਹ ____________ ਸਕੂਲ/ ਕਾਲਜ ਵਿਚ ____________ ਕਲਾਸ ਵਿਚ ਪੜ੍ਹਦਾ ਹੈ।

**ਲਾਭਪਾਤਰੀ ਦੇ ਹਸਤਾਖਰ**

### ਵਿੱਦਿਅਕ ਸੰਸਥਾ ਵਲੋਂ ਸਰਟੀਫਿਕੇਟ (ਦਰਖਾਸਤ ਫਾਰਮ ਦੇ ਕਾਲਮ ਨੰ: 9 ਤੋਂ 11 ਅਤੇ 13 ਅਨੁਸਾਰ)

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮਿਸ/ਸ਼੍ਰੀ/ ਸ਼੍ਰੀਮਤੀ ____________ ਪੁੱਤਰ/ਪੁੱਤਰੀ ਸ੍ਰੀ/ਸ਼੍ਰੀਮਤੀ ____________ ਇਸ ਸਕੂਲ/ਕਾਲਜ/ਸੰਸਥਾ ਦਾ ਵਿਦਿਆਰਥੀ ਹੈ ਅਤੇ ਵਿਦਿਅਕ ਸਾਲ ____________ ਦੌਰਾਨ____________ ਕਲਾਸ ਵਿੱਚ ਪੜ ਰਿਹਾ ਹੈ ਅਤੇ ਉਹ ਪਿਛਲੀ ਕਲਾਸ ਵਿਚ ਫੇਲ ਨਹੀਂ ਹੋਇਆ ਸੀ। ਉਸ ਵਲੋਂ ਪਿਛਲੀ ਪ੍ਰੀਖਿਆ/ਕਲਾਸ____________ ਮਹੀਨਾ ____________ ਸਾਲ ਵਿੱਚ ਪਾਸ ਕੀਤੀ ਗਈ ਹੈ।

ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਮਿਸ/ਸ਼੍ਰੀ/ਸ਼੍ਰੀਮਤੀ ____________ ਇਸ ਵਿਦਿਅਕ ਅਦਾਰੇ ਦੇ ਹੋਸਟਲ ਵਿਚ ਮਿਤੀ ____________ ਤੋਂ ਰਹਿ ਰਿਹਾ/ਰਹੀ ਹੈ ਅਤੇ ਉਸ ਵਲੋਂ ਵਿਦਿਅਕ ਸਾਲ ਦੌਰਾਨ____________ ਰੁਪਏ ਹੋਸਟਲ ਫੀਸ ਅਦਾ ਕੀਤੀ ਗਈ ਹੈ।

**ਸੰਸਥਾਂ ਦੇ ਮੁੱਖੀ ਦੇ ਹਸਤਾਖਰ ਅਤੇ ਦਫਤਰ ਦੀ ਮੋਹਰ**

### ਪੜਤਾਲੀਆ ਰਿਪੋਰਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਅਰਜੀ ਫਾਰਮ ਵਿੱਚ ਦਰਸਾਏ ਤੱਥ ਮੈਂ ਨਿਜੀ ਤੌਰ ਤੇ ਮਿਤੀ ____________ ਨੂੰ ____________ ਮੌਕੇ ਤੇ ਚੈਕ ਕੀਤੇ ਅਤੇ ਸੂਚਨਾ ਠੀਕ ਪਾਈ ਗਈ । ਇਸ ਨੂੰ ₹ ____________ ਦੀ ਰਾਸ਼ੀ ਬਤੌਰ ਵਜੀਫਾ ਅਤੇ ____________ ਰੁਪਏ ਬਤੌਰ ਹੋਸਟਲ ਫੀਸ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਕਿਰਤ ਇੰਸਪੈਕਟਰ ਦੇ ਹਸਤਾਖਰ ਅਤੇ ਮੋਹਰ**

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਕਿਰਤ ਇੰਸਪੈਕਟਰ ਦੀ ਉਪਰੋਕਤ ਰਿਪੋਰਟ ਨਾਲ ਸਹਿਮਤ ਹਾਂ ਅਤੇ ਲਾਭਪਾਤਰੀ ਨੂੰ ਉਪਰੋਕਤ ਲਾਭ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਦੇ ਹਸਤਾਖਰ ਅਤੇ ਮੋਹਰ**